SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

To view our online newspaper visit **punjabipost.ca/epaper** | Vol 22* Issue 53 | Thursday, March 16, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਬਜਟ ਵਿੱਚ ਸ਼ਾਮਲ ਕੀਤੇ ਜਾਣਗੇ ਅਫੋਰਡੇਬਿਲਿਟੀ ਮਾਪਦੰਡ : ਟਰੂਡੋ

ਓਟਵਾ, 15 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਮਹਿੰਗਾਈ ਦੀ ਮਾਰ ਸਹਿ ਰਹੇ ਕੈਨੇਡੀਅਨਜ਼ ਦੀ ਮਦਦ ਲਈ 2023 ਦੇ ਫੈਡਰਲ ਬਜਟ ਵਿੱਚ ਨਵੇਂ ਅਫੋਰਡੇਬਿਲਿਟੀ ਮਾਪਦੰਡ ਸ਼ਾਮਲ ਕੀਤੇ ਜਾਣਗੇ।



ਬੁੱਧਵਾਰ ਨੂੰ ਨਿਓਫਾਊਂਡਲੈਂਡ ਐਂਡ ਲੈਬਰਾਡੋਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਬਜਟ ਵਿੱਚ ਇਨ੍ਹਾਂ ਮਾਪਦੰਡਾਂ ਨੂੰ ਸ਼ਾਮਲ ਕੀਤੇ ਜਾਣ ਨਾਲ ਕੈਨੇਡੀਅਨਜ਼ ਦੀ ਸਿੱਧੀ ਮਦਦ ਹੋਵੇਗੀ। ਟਰੂਡੋ ਨੇ ਆਖਿਆ ਕਿ ਅਫੋਰਡੇਬਿਲਿਟੀ ਦੀ ਗੱਲ ਜਦੋਂ ਆਉਂਦੀ ਹੈ ਤਾਂ ਕੈਨੇਡੀਅਨਜ਼ ਉੱਤੇ ਦਬਾਅ ਕਾਫੀ ਵੱਧ ਜਾਂਦਾ ਹੈ। ਜ਼ਿਕਰਯੋਗ ਹੈ ਕਿ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਸੀ ਕਿ ਉਹ 28 ਮਾਰਚ ਨੂੰ ਬਜਟ ਪੇਸ਼ ਕਰੇਗੀ।

ਟਰੂਡੋ ਨੇ ਆਖਿਆ ਕਿ 2023 ਦੇ ਬਜਟ ਵਿੱਚ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਪਿੱਛੇ ਜਿਹੇ ਫਾਈਨਲ ਹੋਈਆਂ ਡੀਲਜ਼ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਇਸ ਦੇ ਨਾਲ ਹੀ ਦੇਸ਼ ਭਰ ਵਿੱਚ ਕੈਨੇਡੀਅਨਜ਼ ਲਈ ਰੋਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਕੀਤੇ ਜਾਣਗੇ। ਟਰੂਡੋ ਨੇ ਇਹ ਆਸ ਵੀ ਪ੍ਰਗਟਾਈ ਕਿ ਇਨ੍ਹਾਂ ਗਰਮੀਆਂ ਤੱਕ ਮਹਿੰਗਾਈ ਵਾਲੇ ਸੰਕਟ ਉੱਤੇ ਵੀ ਕਾਫੀ ਹੱਦ ਤੱਕ ਕਾਬੂ ਪਾ ਲਿਆ ਜਾਵੇਗਾ।

## ਫੋਰਟਿਨ ਨੇ ਕੈਨੇਡੀਅਨ ਸਰਕਾਰ ਤੇ ਟਰੂਡੋ ਉੱਤੇ ਠੋਕਿਆ ਮੁਕੱਦਮਾ

ਓਟਵਾ, 15 ਮਾਰਚ (ਪੋਸਟ ਬਿਊਰੋ) : ਪਿਛਲੇ ਸਾਲ ਦੇ ਅਖੀਰ ਵਿੱਚ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤੋਂ ਮੁਕਤ ਕਰਾਰ ਦਿੱਤੇ ਗਏ ਮੇਜਰ ਜਨਰਲ ਡੈਨੀ ਫੋਰਟਿਨ ਨੇ ਕੈਨੇਡੀਅਨ ਸਰਕਾਰ ਖਿਲਾਫ 6 ਮਿਲੀਅਨ ਡਾਲਰ ਦਾ ਮੁਕੱਦਮਾ ਠੋਕਿਆ ਹੈ।



2021 ਦੀ ਸ਼ੁਰੂਆਤ ਵਿੱਚ ਕੈਨੇਡਾ ਦੇ ਕੋਵਿਡ-19 ਵੈਕਸੀਨ ਪ੍ਰੋਗਰਾਮ ਦੀ ਅਗਵਾਈ ਤੋਂ ਹਟਾਏ ਗਏ ਫੋਰਟਿਨ ਨੇ ਇਸ ਮੁੱਕਦਮੇ ਵਿੱਚ ਹਾਈ ਰੈਂਕ ਵਾਲੇ 16 ਅਧਿਕਾਰੀਆਂ ਦਾ ਨਾਂ ਵੀ ਲਿਆ ਹੈ ਤੇ ਇਨ੍ਹਾਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਚੀਫ ਆਫ ਦ ਡਿਫੈਂਸ ਸਟਾਫ ਜਨਰਲ ਵੇਅਨ ਆਇਰ, ਸਾਬਕਾ ਰੱਖਿਆ ਮੰਤਰੀ ਹਰਜੀਤ ਸੱਜਣ ਤੇ ਸਾਬਕਾ ਸਿਹਤ ਮੰਤਰੀ ਪੈਟੀ ਹਾਜਦੂ ਸ਼ਾਮਲ ਹਨ। ਓਨਟਾਰੀਓ ਸੁਪੀਰੀਅਰ ਕੋਰਟ ਆਫ ਜਸਟਿਸ ਕੋਲ ਬੁੱਧਵਾਰ ਨੂੰ ਦਰਜ ਕਰਵਾਏ ਗਏ ਇਸ ਮੁਕੱਦਮੇ ਵਿੱਚ ਜਨਰਲ ਨੁਕਸਾਨ ਲਈ ਫੋਰਟਿਨ ਨੇ 5 ਮਿਲੀਅਨ ਡਾਲਰ ਦੀ ਮੰਗ ਕੀਤੀ ਹੈ ਤੇ ਦੰਡ ਸਰੂਪ 1 ਮਿਲੀਅਨ ਡਾਲਰ ਦੀ ਮੰਗ ਕੀਤੀ ਗਈ ਹੈ।

ਫੋਰਟਿਨ ਵੱਲੋਂ ਦਾਖਲ ਕਰਵਾਏ ਗਏ ਦਸਤਾਵੇਜ਼ਾਂ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਨੂੰ ਬਦਨਾਮੀ ਕਾਰਨ ਤੇ ਗਲਤਫਹਿਮੀ ਕਾਰਨ ਕਾਫੀ ਨੁਕਸਾਨ ਹੋਇਆ ਹੈ। ਇਨ੍ਹਾਂ ਵਿੱਚ ਇਹ ਦੋਸ਼ ਵੀ ਲਾਇਆ ਗਿਆ ਹੈ ਕਿ ਅਧਿਕਾਰੀਆਂ ਵੱਲੋਂ ਜਾਂਚ ਵਿੱਚ ਅਣਗਹਿਲੀ ਵਰਤੀ ਗਈ, ਪ੍ਰਾਈਵੇਟ ਤੱਥਾਂ ਨੂੰ ਗਲਤ ਢੰਗ ਨਾਲ ਜਨਤਾ ਸਾਹ-ਮਣੇ ਉਜਾਗਰ ਕੀਤਾ ਗਿਆ ਤੇ ਨੁਕਸਾਨ ਪਹੁੰਚਾਉਣ ਲਈ ਸਾਜ਼ਿਸ਼ ਰਚੀ ਗਈ ਤੇ ਵਿਸ਼ਵਾਸ ਤੋੜਿਆ ਗਿਆ।

## ਇੱਕ ਮਹਿਲਾ ਨੇ ਦੂਜੀ ਉੱਤੇ ਸੁੱਟਿਆ ਕੈਮੀਕਲ, ਮਹਿਲਾ ਜ਼ਖ਼ਮੀ

ਮਿਲਟਨ, 15 ਮਾਰਚ (ਪੋਸਟ ਬਿਊਰੋ) : ਮਿਲਟਨ ਵਿੱਚ ਇੱਕ ਮਹਿਲਾ ਉਸ ਸਮੇਂ ਬੁਰੀ ਤਰ੍ਹਾਂ ਝੁਲਸ ਗਈ ਜਦੋਂ ਉਸ ਦੇ ਪਰਿਵਾਰ ਦੀ ਹੀ ਕਿਸੇ ਮੈਂਬਰ ਨੇ ਉਸ ਉੱਤੇ ਕੀਤੇ ਹਮਲੇ ਵਿੱਚ ਕੈਮੀਕਲ ਪਦਾਰਥ ਉਸ ਉੱਤੇ ਪਾ ਦਿੱਤਾ।




ਹਾਲਟਨ ਪੁਲਿਸ ਨੇ ਦੱਸਿਆ ਕਿ 9 ਮਾਰਚ ਨੂੰ ਦੁਪਹਿਰੇ 1:30 ਵਜੇ ਤੋਂ ਪਹਿਲਾਂ ਇੱਕ ਮਹਿਲਾ ਸਾਇਰ ਡਰਾਈਵ ਤੇ ਮੈਕਸਟਿਡ ਕ੍ਰੀਸੈਂਟ ਏਰੀਆ ਵਿੱਚ ਸੈਰ ਕਰ ਰਹੀ ਸੀ ਜਦੋਂ ਇੱਕ ਹੋਰ ਮਹਿਲਾ ਪੈਦਲ ਹੀ ਉਸ ਕੋਲ ਆਈ ਤੇ ਇਸ ਮਸ਼ਕੂਕ ਮਹਿਲਾ ਨੇ ਉਸ ਮਹਿਲਾ ਉੱਤੇ ਕੈਮੀਕਲ ਸੁੱਟ ਦਿੱਤਾ। ਜਿਸ ਕਾਰਨ ਉਸ ਮਹਿਲਾ ਦੇ ਮੂੰਹ ਤੇ ਸਰੀਰ ਬੁਰੀ ਤਰ੍ਹਾਂ ਝੁਲਸ ਗਏ। ਪੁਲਿਸ ਨੇ ਦੱਸਿਆ ਕਿ ਹਮਲਾਵਰ ਮਹਿਲਾ ਨੇ ਜ਼ਖ਼ਮੀ ਮਹਿਲਾ ਦਾ ਫੋਨ ਲਿਆ ਤੇ ਉੱਥੋਂ ਭੱਜ ਗਈ। ਜ਼ਖ਼ਮੀ ਮਹਿਲਾ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾਂਦੀ ਹੈ। ਜਾਂਚਕਾਰਾਂ ਨੇ ਮਸ਼ਕੂਕ ਦੀ ਪਛਾਣ ਕਰ ਲਈ ਹੈ ਤੇ ਉਸ ਨੂੰ ਜ਼ਖ਼ਮੀ ਮਹਿਲਾ ਦੀ ਪਰਿਵਾਰਕ ਮੈਂਬਰ ਹੀ ਦੱਸਿਆ ਗਿਆ। ਉਸ ਨੂੰ ਮਾਂਟਰੀਅਲ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ। ਕਿਊਬਿਕ ਦੀ ਇਸ 57 ਸਾਲਾ ਮਹਿਲਾ ਨੂੰ ਹਮਲਾ ਕਰਨ, ਕੈਮੀਕਲ ਪਦਾਰਥ ਨਾਲ ਹਮਲਾ ਕਰਨ ਤੇ ਡਾਕੇ ਲਈ ਚਾਰਜ ਕੀਤਾ ਗਿਆ ਹੈ। ਉਸ ਨੂੰ ਹਿਰਾਸਤ ਵਿੱਚ ਹੀ ਰੱਖਿਆ ਗਿਆ ਹੈ।

## ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮਾਮਲੇ ਵਿੱਚ ਜੌਹਨਸਟਨ ਨੂੰ ਮਾਹਿਰ ਵਜੋਂ ਕੀਤਾ ਗਿਆ ਨਿਯੁਕਤ

ਓਟਵਾ, 15 ਮਾਰਚ (ਪੋਸਟ ਬਿਊਰੋ) : ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮਾਮਲੇ ਵਿੱਚ ਮਾਹਿਰ ਵਜੋਂ ਸਾਬਕਾ ਗਵਰਨਰ ਜਨਰਲ ਡੇਵਿਡ ਜੌਹਨਸਟਨ ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਐਲਾਨ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਕੈਨੇਡਾ ਦੀਆਂ ਪਿਛਲੀਆਂ ਦੋ ਫੈਡਰਲ ਚੋਣਾਂ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਲੱਗ ਰਹੇ ਦੋਸ਼ਾਂ ਦੇ ਸਬੰਧ ਵਿੱਚ ਜੌਹਨਸਟਨ ਨੂੰ ਮਾਮਲੇ ਦੀ ਜਾਂਚ ਕਰਨ ਲਈ ਆਖਿਆ ਗਿਆ ਹੈ। ਲਿਬਰਲ ਸਰਕਾਰ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਇਸ ਮੁੱਦੇ ਉੱਤੇ ਉਹ ਅੱਗੇ ਕੀ ਕਰ ਸਕਦੇ ਹਨ ਇਸ ਬਾਰੇ ਜੌਹਨਸਟਨ ਜੋ ਵੀ



ਸਿਫਾਰਿਸ਼ ਕਰਨਗੇ ਉਹ ਉਸ ਨੂੰ ਸਵੀਕਾਰਨਗੇ। ਇਸ ਵਿੱਚ ਜਨਤਕ ਜਾਂਚ ਵੀ ਸ਼ਾਮਲ ਹੋ ਸਕਦੀ ਹੈ ਜਿਸ ਦੀ ਵਿਰੋਧੀ ਪਾਰਟੀਆਂ ਵੱਲੋਂ ਪਿਛਲੇ ਕੁੱਝ ਹਫਤਿਆਂ ਤੋਂ ਮੰਗ ਕੀਤੀ ਜਾ ਰਹੀ ਸੀ। ਜੌਹਨਸਟਨ ਇਸ ਮੁੱਦੇ ਵਿੱਚ ਹੋਰ ਆਜ਼ਾਦਾਨਾ ਮੁਲਾਂਕਣ ਦੀ ਸਿਫਾਰਿਸ਼ ਵੀ ਕਰ ਸਕਦੇ ਹਨ। ਬੁੱਧਵਾਰ ਨੂੰ ਜਾਰੀ ਕੀਤੇ ਗਏ ਇੱਕ ਲਿਖਤੀ ਬਿਆਨ ਵਿੱਚ ਟਰੂਡੋ ਨੇ ਆਖਿਆ ਕਿ ਇਹ ਫੈਸਲਾ ਹਾਊਸ ਆਫ ਕਾਮਨਜ਼ ਦੀਆਂ ਸਾਰੀਆਂ ਪਾਰਟੀਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਲਿਆ ਗਿਆ ਹੈ। ਉਨ੍ਹਾਂ ਆਖਿਆ ਕਿ ਅਸੀਂ ਚਾਹੁੰਦੇ ਹਾਂ ਕਿ ਸਾਡੇ ਇਲੈਕਟੋਰਲ ਸਿਸਟਮ ਤੇ ਸਾਡੀ ਜਮਹੂਰੀਅਤ ਵਿੱਚ ਕੈਨੇਡੀਅਨਜ਼ ਦਾ ਵਿਸ਼ਵਾਸ ਬਣਿਆ ਰਹੇ। ਉਨ੍ਹਾਂ ਆਖਿਆ ਕਿ ਜੌਹਨਸਟਨ ਆਪਣੇ ਨਾਲ ਅਖੰਡਤਾ, ਤਜਰਬੇ ਦੀ ਪੰਡ ਤੇ ਹੁਨਰ ਲੈ ਕੇ ਆਉਣਗੇ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ। ਸੰਪਰਕ ਕਰੋ:
416-556-6884

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

ਰੈਸਟੋਰੈਂਟ ਪੈਟਿਓ ਫੂਡ ਕਾਊਂਟਰ
ਗਰਮੀਆਂ ਵਿੱਚ ਪਰਾਫਿਟ ਲਈ ਸੁਨਹਿਰਾ ਮੌਕਾ
$10,000 per month Profit
Free Training, Equipement, Place and Utilities
1 ਮਈ ਤੋਂ 31 ਅਕਤੂਬਰ ਤੱਕ ਕਾਂਟਰੈਕਟ ਜਾਂ ਲੀਜ਼ ਕਰੋ:
Call Kumar: 437-925-4585
Email: startup2023abusiness@gmail.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

OURR HOME & APPLIANCES
DEALS
SPRING DEALS ON LUXURY APPLIANCES
Early Spring Deals
$1699* $199 $2999* $299 $4699* $2999*
Authorized Dealer for ALL MAJOR BRANDS
HURRY NOW
KitchenAid, Maytag, LG, Electrolux, Jennair, GE, Amana, Bosch, Whirlpool, Samsung, Frigidaire, Capital
UNIT #1, 241 CLARENCE ST BRAMPTON, ON L6W 3E7 (416) 551 3343
44 FASKEN DR. #2-9 ETOBICOKE, ON M9W 5M8 (416) 792-0877
UNIT #6 410 LEWIS RD, STONEY CREEK, ON L8E 5Y7 (905) 643 0818
UNIT #4 -1540 FANSHAWE PARK ROAD WEST LONDON, ON N6H 5L8 (519) 641-1010
5781 HIGHWAY 7 UNIT 10, VAUGHAN, ON L4L 1T8 (416) 477 5556
1050 SPEERS ROAD, OAKVILLE, ON, L6L 2X4 (416) 613 0555
416-551-5553
WWW.OURRHOMEAPPLIANCES.COM

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axel InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਾਦਸਾਂ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
647-998-7500
ਬਲਵਿੰਦਰ

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic.12538
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਇਮਰਾਨ ਖਾਨ ਨੂੰ ਫੜ੍ਹਨ ਲਈ ਪੁਲਿਸ ਦੀ ਮਦਦ ਲਈ ਪਹੁੰਚੇ ਪਾਕਿ ਰੇਂਜਰਸ

## ਅੱਥਰੂ ਗੈਸ ਦੇ ਗੋਲੇ ਅਤੇ ਗੋਲੀਆਂ ਦਾ ਵਰ੍ਹਾਇਆ ਮੀਂਹ



ਲਾਹੌਰ, 15 ਮਾਰਚ (ਪੋਸਟ ਬਿਊਰੋ): ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ, ਜੋ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਅਦਾਲਤ ਵਿੱਚ ਪੇਸ਼ ਹੋਣ ਵਿੱਚ ਅਸਫਲ ਰਹੇ ਹਨ, ਨੂੰ ਗ੍ਰਿਫਤਾਰ ਕਰਨ ਦੀ ਇੱਕ ਤਾਜ਼ਾ ਕੋਸ਼ਿਸ਼ ਵਿੱਚ ਹੁਣ ਪੰਜਾਬ ਰੇਂਜਰਾਂ ਦੀ ਇੱਕ ਟੁਕੜੀ ਇੱਥੇ ਜ਼ਮਾਨ ਪਾਰਕ ਵਿੱਚ ਖਾਨ ਦੀ ਰਿਹਾਇਸ਼ ਦੇ ਬਾਹਰ ਪੁਲਿਸ ਵਿੱਚ ਸ਼ਾਮਲ ਹੋ ਗਈ ਹੈ। ਲਾਹੌਰ ਦਾ ਜ਼ਮਾਨ ਪਾਰਕ ਇਲਾਕਾ ਜੰਗ ਦੇ ਮੈਦਾਨ ਵਾਂਗ ਜਾਪਦਾ ਹੈ, ਜਦੋਂ ਖਾਨ ਦੇ ਸਮਰਥਕਾਂ ਅਤੇ ਪੁਲਿਸ ਵਿਚਾਲੇ ਝੜਪ ਤੋਂ ਬਾਅਦ ਸੜਕਾਂ 'ਤੇ ਅੱਥਰੂ ਗੈਸ ਦੇ ਗੋਲੇ ਛੱਡੇ ਗਏ, ਸੜੇ ਹੋਏ ਟਾਇਰਾਂ ਅਤੇ ਵਾਹਨਾਂ ਦਾ ਮਲਬਾ ਪਿਆ ਹੈ। ਇਸ ਝੜਪ ਵਿੱਚ ਦਰਜਨਾਂ ਪੁਲਸ ਮੁਲਾਜ਼ਮ ਜ਼ਖ਼ਮੀ ਹੋਏ ਹਨ।

ਖਾਨ ਬੁੱਧਵਾਰ ਨੂੰ ਇਸ ਹਾਈ-ਪ੍ਰੋਫਾਈਲ ਇਲਾਕੇ 'ਚ ਸਥਿਤ ਆਪਣੀ ਰਿਹਾਇਸ਼ 'ਤੇ ਨਜ਼ਰਬੰਦ ਰਹੇ, ਜਦੋਂ ਕਿ ਸਰਕਾਰ ਨੇ ਪੁਲਸ ਕਰਮਚਾਰੀਆਂ ਦੀ ਮਦਦ ਲਈ ਰੇਂਜਰਾਂ ਨੂੰ ਭੇਜਿਆ ਕਿਉਂਕਿ ਖਾਨ ਨੂੰ ਗ੍ਰਿਫਤਾਰ ਕਰਨ ਲਈ ਆਈ ਪੁਲਸ ਟੀਮ ਦੇ ਨਾਲ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਕਾਰਕੁਨ ਵੀ ਮੌਜੂਦ ਸਨ। ਉਹ ਉਨ੍ਹਾਂ ਨੂੰ ਫੜਨ ਦੀ ਪੂਰੀ ਕੋਸ਼ਿਸ਼ ਕਰਦੇ ਦਿਖਾਈ ਦਿੱਤੇ। ਮੰਗਲਵਾਰ ਨੂੰ ਲਾਹੌਰ ਦੇ ਜ਼ਮਾਨ ਪਾਰਕ ਇਲਾਕੇ 'ਚ ਪੀਟੀਆਈ ਵਰਕਰਾਂ ਅਤੇ ਪੁਲਿਸ ਵਿਚਾਲੇ ਝੜਪ ਹੋ ਗਈ। ਤੋਸ਼ਾਖਾਨਾ ਮਾਮਲੇ 'ਚ ਗੈਰ-ਜ਼ਮਾਨਤੀ ਵਾਰੰਟ ਜਾਰੀ ਹੋਣ ਤੋਂ ਬਾਅਦ ਇਸਲਾਮਾਬਾਦ ਪੁਲਸ ਬਖਤਰਬੰਦ ਗੱਡੀਆਂ ਲੈ ਕੇ ਪੀਟੀਆਈ ਮੁਖੀ ਖਾਨ ਨੂੰ ਲਾਹੌਰ ਸਥਿਤ ਉਨ੍ਹਾਂ ਦੇ ਘਰ ਤੋਂ ਗ੍ਰਿਫਤਾਰ ਕਰਨ ਪਹੁੰਚੀ।

ਇਮਰਾਨ ਖ਼ਾਨ (70) 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਤੋਹਫ਼ਿਆਂ ਨੂੰ ਤੋਸ਼ਾਖਾਨਾ ਤੋਂ ਘੱਟ ਕੀਮਤ 'ਤੇ ਖਰੀਦਿਆ ਅਤੇ ਉਨ੍ਹਾਂ ਨੂੰ ਮੁਨਾਫ਼ੇ ਲਈ ਵੇਚਿਆ। ਉਨ੍ਹਾਂ ਬੁੱਧਵਾਰ ਨੂੰ ਟਵੀਟ ਕੀਤਾ, "ਸਪੱਸ਼ਟ ਤੌਰ 'ਤੇ 'ਗ੍ਰਿਫਤਾਰੀ' ਦਾ ਦਾਅਵਾ ਇੱਕ ਮਜ਼ਾਕ ਹੈ ਕਿਉਂਕਿ ਅਸਲ ਇਰਾਦਾ ਅਗਵਾ ਕਰਨਾ ਅਤੇ ਕਤਲ ਕਰਨਾ ਹੈ। ਉਨ੍ਹਾਂ ਨੇ ਅੱਥਰੂ ਗੈਸ ਅਤੇ ਪਾਣੀ ਦੀਆਂ ਤੋਪਾਂ ਤੋਂ ਬਾਅਦ ਗੋਲੀਬਾਰੀ ਕੀਤੀ। ਮੈਂ ਬੀਤੀ ਸ਼ਾਮ ਇੱਕ ਬਾਂਡ 'ਤੇ ਦਸਤਖਤ ਕੀਤੇ, ਪਰ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੀ ਨੀਅਤ ਖ਼ਰਾਬ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।"

# ਬਿਲਡਿੰਗ ਵਿੱਚ ਲੱਗੀ ਅੱਗ, ਦੋ ਨੂੰ ਚੜ੍ਹਿਆ ਧੂੰਆਂ



ਓਨਟਾਰੀਓ, 15 ਮਾਰਚ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਜਾਰਵਿਸ ਤੇ ਵੈਲਸਲੇਅ ਸਟਰੀਟਸ ਉੱਤੇ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਲੱਗੀ ਅੱਗ ਕਾਰਨ ਦੋ ਵਿਅਕਤੀਆਂ ਨੂੰ ਧੂੰਆਂ ਚੜ੍ਹ ਗਿਆ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਰਿਹਾਇਸ਼ੀ ਬਿਲਡਿੰਗ ਵਿੱਚ ਲੱਗੀ ਅੱਗ ਬਾਰੇ ਸਵੇਰੇ 6:27 ਵਜੇ ਦੇ ਨੇੜੇ ਤੇੜੇ ਐਮਰਜੰਸੀ ਸਰਵਿਸਿਜ਼ ਨੂੰ ਸੱਦਿਆ ਗਿਆ। ਦੋ ਐਲਾਰਮ ਵਾਲੀ ਇਸ ਅੱਗ ਉੱਤੇ ਜਲਦੀ ਹੀ ਕਾਬੂ ਪਾ ਲਿਆ ਗਿਆ ਤੇ ਲੋਕਾਂ ਨੂੰ ਘਰ ਖਾਲੀ ਕਰਨ ਦੀ ਲੋੜ ਹੀ ਨਹੀਂ ਪਈ ਪਰ ਬਿਲਡਿੰਗ ਦੀ 10ਵੀਂ ਮੰਜ਼ਿਲ ਉੱਤੇ ਸਥਿਤ ਦੋ ਵਿਅਕਤੀਆਂ ਨੂੰ ਇਸ ਅੱਗ ਕਾਰਨ ਨੁਕਸਾਨ ਪਹੁੰਚਣ ਉਪਰੰਤ ਬਚਾਇਆ ਗਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਧੂੰਆਂ ਚੜ੍ਹ ਜਾਣ ਕਾਰਨ ਇਨ੍ਹਾਂ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

## ਅੱਜ ਨਾਮਾ >>

ਡੇਗਿਆ ਰੂਸ ਨੇ ਡਰੋਣ ਅਮਰੀਕੀਆਂ ਦਾ,
ਬੜ੍ਹਕਾਂ ਰਹੇ ਅਮਰੀਕਨ ਆ ਮਾਰ ਮੀਆਂ।
ਕਹਿੰਦੇ ਕੀਤਾ ਇਹ ਬੁਰਾ ਜੀ ਰੂਸੀਆਂ ਨੇ,
ਜਰਿਆ ਜਾਵੇ ਨਹੀਂ ਕੀਤੜਾ ਵਾਰ ਮੀਆਂ।
ਕਹਿੰਦਾ ਲੀਡਰ ਆ ਮੋੜ ਕੇ ਰੂਸੀਆਂ ਦਾ,
ਘੱਲਦੇ ਡਰੋਣ ਦੀ ਕਿਉਂ ਸੀ ਡਾਰ ਮੀਆਂ।
ਗੁਬਾਰਾ ਚੀਨ ਦਾ ਗਿਆ ਕੋਈ ਤੁਸਾਂ ਵੰਨੀਂ,
ਛੱਡਿਆ ਤੁਸੀਂ ਉਹ ਮਾਰ-ਖਿਲਾਰ ਮੀਆਂ।
ਓਧਰ ਚੀਨ ਵੀ ਜ਼ਹਿਰ ਜਿਹਾ ਘੋਲਦਾ ਈ,
ਮਾਰਿਆ ਜੀਹਨੂੰ ਅਮਰੀਕਨਾਂ ਡੰਗ ਮੀਆਂ।
ਦੁਨੀਆ ਬਾਕੀ ਨੂੰ ਲੱਗੀ ਪਈ ਹੋਰ ਚਿੰਤਾ,
ਛਿੜ ਜਾਏ ਤੀਸਰੀ ਕਿਤੇ ਨਾ ਜੰਗ ਮੀਆਂ।

**ਤੀਸ ਮਾਰ ਖਾਂ**

# ਚੀਨ ਨੇ ਵਿਦੇਸ਼ੀ ਸੈਲਾਨੀਆਂ ਲਈ ਖੋਲ੍ਹੇ ਦਰਵਾਜ਼ੇ, ਵੀਜ਼ਾ ਪ੍ਰਕਿਰਿਆ ਸ਼ੁਰੂ



ਬੀਜਿੰਗ, 15 ਮਾਰਚ (ਪੋਸਟ ਬਿਊਰੋ): ਕੋਰੋਨਾ ਮਹਾਮਾਰੀ ਦੇ ਤਿੰਨ ਸਾਲਾਂ ਬਾਅਦ ਚੀਨ ਨੇ ਆਖਰਕਾਰ ਵਿਦੇਸ਼ੀ ਸੈਲਾਨੀਆਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਵੀਜ਼ਾ ਅਰਜ਼ੀ ਦੀ ਪ੍ਰਕਿਰਿਆ 15 ਮਾਰਚ ਤੋਂ ਸ਼ੁਰੂ ਹੋ ਗਈ ਹੈ। ਇਸ ਦੇ ਨਾਲ ਹੀ ਹੈਨਾਨ ਟਾਪੂ ਅਤੇ ਸ਼ੰਘਾਈ ਵਿੱਚ ਕਰੂਜ਼ ਜਹਾਜ਼ਾਂ ਲਈ ਵੀਜ਼ਾ ਮੁਕਤ ਐਂਟਰੀ ਮੁੜ ਸ਼ੁਰੂ ਕਰ ਦਿੱਤੀ ਗਈ ਹੈ। ਇਹ ਐਲਾਨ ਚੀਨ ਦੀ ਸਰਕਾਰ ਨੇ ਮੰਗਲਵਾਰ ਨੂੰ ਕੀਤਾ ਹੈ। ਹਾਲਾਂਕਿ, ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਕੀ ਸੈਲਾਨੀਆਂ ਨੂੰ ਚੀਨ ਵਿੱਚ ਦਾਖਲ ਹੋਣ ਲਈ ਕਿਸੇ ਕਿਸਮ ਦੀ ਮੈਡੀਕਲ ਰਿਪੋਰਟ ਦੀ ਲੋੜ ਪਵੇਗੀ।

ਮਹੱਤਵਪੂਰਨ ਗੱਲ ਇਹ ਹੈ ਕਿ 28 ਮਾਰਚ, 2020 ਤੋਂ ਚੀਨ ਦੀਆਂ ਅੰਤਰਰਾਸ਼ਟਰੀ ਸਰਹੱਦਾਂ ਬੰਦ ਸਨ। ਚੀਨ ਦੇ ਅੰਦਰ ਵੀ ਲੋਕਾਂ ਨੂੰ ਕੋਰੋਨਾ ਵਾਇਰਸ ਤੋਂ ਬਚਾਉਣ ਲਈ ਸ਼ੀ ਜਿਨਪਿੰਗ ਸਰਕਾਰ ਦੀ ਸਖ਼ਤ ਜ਼ੀਰੋ ਕੋਵਿਡ ਨੀਤੀ ਲਾਗੂ ਕੀਤੀ ਗਈ ਸੀ। ਚੀਨੀ ਸਰਕਾਰ ਦੇ ਸਖਤ ਨਿਯਮਾਂ ਦਾ ਚੀਨ ਦੇ ਕਈ ਮਹੱਤਵਪੂਰਨ ਖੇਤਰਾਂ 'ਤੇ ਆਰਥਿਕ ਪ੍ਰਭਾਵ ਵੀ ਦੇਖਣ ਨੂੰ ਮਿਲਿਆ।

ਸਾਲ 2022 ਵਿੱਚ ਬਹੁਤ ਸਾਰੇ ਲੋਕਾਂ ਨੇ ਜਿਨਪਿੰਗ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਜਿਸ ਤੋਂ ਬਾਅਦ ਜਿਨਪਿੰਗ ਸਰਕਾਰ ਵੱਲੋਂ ਸਖ਼ਤ ਨਿਯਮਾਂ ਵਿੱਚ ਢਿੱਲ ਦਿੱਤੀ ਗਈ। ਕੁਝ ਸਮਾਂ ਪਹਿਲਾਂ ਚੀਨ ਦੀ ਸਰਕਾਰ ਨੇ ਇਹ ਐਲਾਨ ਕਰਦੇ ਹੋਏ ਸਖਤ ਪਾਬੰਦੀਆਂ ਹਟਾ ਦਿੱਤੀਆਂ ਸਨ ਕਿ ਕੋਰੋਨਾ ਵਾਇਰਸ ਪੂਰੀ ਤਰ੍ਹਾਂ ਕੰਟਰੋਲ ਹੋ ਗਿਆ ਹੈ।

ਦੱਸਣਯੋਗ ਹੈ ਕਿ ਕੋਰੋਨਾ ਮਹਾਮਾਰੀ ਤੋਂ ਪਹਿਲਾਂ ਹਰ ਸਾਲ ਕਰੋੜਾਂ ਵਿਦੇਸ਼ੀ ਸੈਲਾਨੀ ਚੀਨ ਦਾ ਦੌਰਾ ਕਰਦੇ ਸਨ। ਪਰ ਕੋਰੋਨਾ ਤੋਂ ਬਾਅਦ ਚੀਨ ਦੇ ਸਖਤ ਨਿਯਮਾਂ ਕਾਰਨ ਸੈਰ-ਸਪਾਟਾ ਉਦਯੋਗ ਨੂੰ ਵੱਡਾ ਆਰਥਿਕ ਝਟਕਾ ਲੱਗਾ ਹੈ। ਹਾਲਾਂਕਿ ਮਾਹਿਰਾਂ ਦਾ ਮੰਨਣਾ ਹੈ ਕਿ ਜਿਵੇਂ ਹੀ ਵਿਦੇਸ਼ੀ ਸੈਲਾਨੀ ਆਉਣੇ ਸ਼ੁਰੂ ਹੋ ਜਾਣਗੇ, ਸੈਰ-ਸਪਾਟਾ ਖੇਤਰ ਇਕ ਵਾਰ ਫਿਰ ਪਟੜੀ 'ਤੇ ਆਉਣਾ ਸ਼ੁਰੂ ਹੋ ਜਾਵੇਗਾ। ਦੂਜੇ ਪਾਸੇ ਜਿਨਪਿੰਗ ਸਰਕਾਰ ਵੱਲੋਂ ਚੀਨੀ ਨਾਗਰਿਕਾਂ ਨੂੰ ਇੱਕ ਹੋਰ ਛੋਟ ਵੀ ਦਿੱਤੀ ਜਾਵੇਗੀ। ਇਸ ਛੋਟ ਮੁਤਾਬਕ ਚੀਨੀ ਨਾਗਰਿਕ ਹੁਣ ਟੂਰ ਗਰੁੱਪਾਂ 'ਤੇ 60 ਦੇਸ਼ਾਂ ਦੀ ਯਾਤਰਾ ਕਰ ਸਕਣਗੇ। ਜਦਕਿ ਪਹਿਲਾਂ ਸਿਰਫ 20 ਦੇਸ਼ਾਂ ਦੀ ਯਾਤਰਾ ਦੀ ਇਜਾਜ਼ਤ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
Harcharan S. Grover
Chartered Accountant
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
→ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
→ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਜੀ-20 ਸੰਮੇਲਨ ਦੁਨੀਆਂ ਭਰ ਵਿੱਚ ਸਿੱਖਿਆ ਖੇਤਰ ਨੂੰ ਹੁਲਾਰਾ ਦੇਣ ਲਈ ਪੁਖ਼ਤਾ ਪਲੇਟਫਾਰਮ ਸਾਬਤ ਹੋਵੇਗਾ : ਮੁੱਖ ਮੰਤਰੀ

## *ਜੀ-20 ਦੇ ਐਜੂਕੇਸ਼ਨ ਵਰਕਿੰਗ ਗਰੁੱਪ ਦੇ ਉਦਘਾਟਨੀ ਸਮਾਰੋਹ ਵਿੱਚ ਕੀਤੀ ਸ਼ਿਰਕਤ *ਸਿੱਖਿਆ ਖੇਤਰ ਦੀ ਤਰੱਕੀ ਲਈ ਸੂਬਾ ਸਰਕਾਰ ਵੱਲੋਂ ਚੁੱਕੇ ਮਿਸਾਲੀ ਕਦਮਾਂ ਬਾਰੇ ਦੱਸਿਆ

ਚੰਡੀਗੜ੍ਹ, 15 ਮਾਰਚ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਮੀਦ ਜਤਾਈ ਕਿ ਜੀ-20 ਸੰਮੇਲਨ ਦੁਨੀਆ ਭਰ ਵਿੱਚ ਅਤੇ ਖ਼ਾਸ ਤੌਰ ਉਤੇ ਸੂਬੇ ਵਿੱਚ ਸਿੱਖਿਆ ਖੇਤਰ ਨੂੰ ਹੁਲਾਰਾ ਦੇਣ ਲਈ ਮਾਹਿਰ ਦੇਸ਼ਾਂ ਦੇ ਅਹਿਮ ਸੁਝਾਵਾਂ ਵਾਸਤੇ ਮਜ਼ਬੂਤ ਪਲੇਟਫਾਰਮ ਸਾਬਤ ਹੋਵੇਗਾ, ਜਿਸ ਨਾਲ ਨੌਜਵਾਨਾਂ ਨੂੰ ਵੱਡੇ ਪੱਧਰ ਉਤੇ ਫਾਇਦਾ ਹੋਵੇਗਾ।

ਇੱਥੇ ਬੁੱਧਵਾਰ ਨੂੰ ਜੀ-20 ਐਜੂਕੇਸ਼ਨ ਵਰਕਿੰਗ ਗਰੁੱਪ ਦੀ ਦੂਜੀ ਮੀਟਿੰਗ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ "ਮੇਰਾ ਮੰਨਣਾ ਹੈ ਕਿ ਇਸ ਸੰਮੇਲਨ ਵਿੱਚ ਹੋਣ ਵਾਲਾ ਵਿਚਾਰ-ਵਟਾਂਦਰਾ ਨਾ ਸਿਰਫ਼ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਵਿੱਚ ਸਹਾਈ ਹੋਵੇਗਾ, ਸਗੋਂ ਇਸ ਨਾਲ ਸੂਬੇ ਦੇ ਨੌਜਵਾਨਾਂ ਦਾ ਵੱਡੇ ਪੱਧਰ ਉਤੇ ਫਾਇਦਾ ਹੋਵੇਗਾ।" ਉਨ੍ਹਾਂ ਉਮੀਦ ਜਤਾਈ ਕਿ ਆਲਮੀ ਅਰਥਚਾਰੇ ਨਾਲ ਸਬੰਧਤ ਵੱਡੇ ਮਸਲਿਆਂ ਨੂੰ ਹੱਲ ਕਰਨ ਲਈ ਜੀ-20 ਦੀਆਂ ਪੁਖ਼ਤਾ ਕੋਸ਼ਿਸ਼ਾਂ ਨਾਲ ਭਾਰਤ ਤੇ ਖ਼ਾਸ ਤੌਰ ਉਤੇ ਪੰਜਾਬ ਦੇ ਅਰਥਚਾਰੇ ਨੂੰ ਵੱਡਾ ਹੁਲਾਰਾ ਮਿਲੇਗਾ। ਭਗਵੰਤ ਮਾਨ ਨੇ ਕੌਮਾਂਤਰੀ ਪੱਧਰ ਉਤੇ ਅਮਨ, ਬਿਹਤਰ ਸਹਿਯੋਗ ਤੇ ਤਾਲਮੇਲ ਲਈ ਜੀ-20 ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਵੀ ਸ਼ਲਾਘਾ ਕੀਤੀ।

'ਗਿਆਨ ਨੂੰ ਮਨੁੱਖੀ ਜੀਵਨ ਦਾ ਆਧਾਰ' ਦੱਸ ਕੇ ਉਚਿਆਉਣ ਵਾਲੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੀ ਵਿਚਾਰਧਾਰਾ ਉਤੇ ਚੱਲਦਿਆਂ ਸੂਬਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੀਆਂ ਮੀਲ ਦਾ ਪੱਥਰ ਸਾਬਤ ਹੋਣ ਵਾਲੀਆਂ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਿੱਖਿਆ ਖੇਤਰ ਨੂੰ ਵਿਸ਼ੇਸ਼ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਮੰਨਣਾ ਹੈ ਕਿ 'ਸਿੱਖਿਆ' ਤੇ 'ਸਿਹਤ' ਮਨੁੱਖੀ ਜੀਵਨ ਦਾ ਮੂਲ ਹਨ ਅਤੇ ਸਮਾਜਿਕ ਵਿਕਾਸ ਇਨ੍ਹਾਂ ਦੋਵਾਂ ਅਹਿਮ ਖ਼ੇਤਰਾਂ ਦੀ ਮਜ਼ਬੂਤੀ ਤੇ ਵਿਸਤਾਰ ਉਤੇ ਨਿਰਭਰ ਕਰਦਾ ਹੈ।





ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਆਗਾਮੀ ਵਿੱਤੀ ਵਰ੍ਹੇ ਵਿੱਚ ਸਕੂਲ ਤੇ ਉਚੇਰੀ ਸਿੱਖਿਆ ਲਈ 17,072 ਕਰੋੜ ਰੁਪਏ ਦਾ ਬਜਟ ਰੱਖਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਨੂੰ 'ਸਕੂਲ ਆਫ ਐਮੀਨੈਂਸ' ਵਿੱਚ ਬਦਲਣ ਲਈ 200 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਆਹਲਾ ਮਿਆਰੀ 'ਸਕੂਲ ਆਫ ਐਮੀਨੈਂਸ' ਵਿਦਿਆਰਥੀਆਂ ਦਾ ਸਮੁੱਚਾ ਵਿਕਾਸ ਯਕੀਨੀ ਬਣਾਉਣਗੇ। ਭਗਵੰਤ ਮਾਨ ਨੇ ਕਿਹਾ ਕਿ ਇਹ ਸਕੂਲ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਨਗੇ। ਇਨ੍ਹਾਂ ਸਕੂਲਾਂ ਦਾ ਨਿਰਮਾਣ ਸਹਿਯੋਗ ਤੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਅਕਾਦਮਿਕ, ਮਨੁੱਖੀ ਸਰੋਤ ਪ੍ਰਬੰਧਨ, ਖੇਡਾਂ ਤੇ ਸਹਿ-ਵਿੱਦਿਅਕ ਗਤੀਵਿਧੀਆਂ ਅਤੇ ਕਮਿਊਨਿਟੀ ਇਨਗੇਜਮੈਂਟ ਦੇ ਪੰਜ ਥੰਮ੍ਹਾਂ ਦੀ ਬੁਨਿਆਦ ਉਤੇ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਤੋਂ ਇਲਾਵਾ ਇਹ ਸਕੂਲ ਉਚੇਰੀ ਸਿੱਖਿਆ, ਰੋਜ਼ਗਾਰ, ਸਿਖਲਾਈ ਤੇ ਹੋਰ ਖ਼ੇਤਰਾਂ ਲਈ ਹੁਨਰ ਤੇ ਵਿਅਕਤੀਗਤ ਸਮਰੱਥਾ ਨੂੰ ਨਿਖਾਰਨ ਲਈ ਮੌਕੇ ਪੈਦਾ ਕਰਨਗੇ। ਉਨ੍ਹਾਂ ਕਿਹਾ ਕਿ ਇਹ ਸਕੂਲ ਇੰਜਨੀਅਰਿੰਗ, ਲਾਅ, ਕਾਮਰਸ, ਯੂ.ਪੀ.ਐਸ.ਸੀ. ਤੇ ਐਨ.ਡੀ.ਏ. ਸਣੇ ਪੰਜ ਪੇਸ਼ੇਵਰ ਤੇ ਮੁਕਾ-ਬਲੇ ਵਾਲੇ ਕੋਰਸਾਂ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਉਤੇ ਧਿਆਨ ਕੇਂਦਰਤ ਕਰਨਗੇ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿੱਖਿਆ ਦਾ ਮਿਆਰ ਚੁੱਕਣ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਿੱਖਿਆ ਦੇ ਪੱਧਰ ਵਿੱਚ ਸੁਧਾਰ ਲਈ ਸਰਕਾਰੀ ਸਕੂਲਾਂ ਦਾ ਮਾਹੌਲ ਅਨੁਕੂਲ ਬਣਾਉਣ ਵਾਸਤੇ ਬਜਟ ਵਿੱਚ 141.14 ਕਰੋੜ ਰੁਪਏ ਦੇ ਬਜਟ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਕੈਂਪਸ ਮੈਨੇਜਰਾਂ ਰਾਹੀਂ ਸਕੂਲਾਂ ਦੀ ਸਫ਼ਾਈ, ਸਾਮਾਨ ਦੀ ਸਾਂਭ-ਸੰਭਾਲ ਅਤੇ ਸਕੂਲਾਂ ਦਾ ਪ੍ਰਬੰਧਨ ਪ੍ਰਭਾਵਸ਼ਾਲੀ ਤਰੀਕੇ ਨਾਲ ਚੱਲਣਾ ਯਕੀਨੀ ਬਣੇਗਾ। ਕੈਂਪਸ ਮੈਨੇਜਰਾਂ ਦੇ ਆਉਣ ਨਾਲ ਸਕੂਲਾਂ ਦੇ ਪ੍ਰਿੰਸੀਪਲ ਪ੍ਰਬੰਧਕੀ ਤੇ ਅਕਾਦਮਿਕ ਫ਼ਰਜ਼ਾਂ ਉਤੇ ਧਿਆਨ ਦੇ ਸਕਣਗੇ। ਭਗਵੰਤ ਮਾਨ ਨੇ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਵਿੱਚ ਵੱਖ-ਵੱਖ ਪੱਧਰਾਂ ਉਤੇ ਕੰਮ ਕਰ ਰਹੇ ਅਧਿਆਪਕਾਂ, ਸਕੂਲ ਮੁਖੀਆਂ ਅਤੇ ਸਿੱਖਿਆ ਪ੍ਰਬੰਧਕਾਂ ਨੂੰ ਵਿਸ਼ਵ ਪੱਧਰੀ ਸਿਖਲਾਈ ਦੇਣ ਲਈ ਇੰਟਰਨੈਸ਼ਨਲ ਐਜੂਕੇਸ਼ਨ ਅਫੇਅਰਜ਼ ਸੈੱਲ (ਆਈ.ਈ.ਏ.ਸੀ.) ਸਥਾਪਤ ਕੀਤਾ ਗਿਆ ਹੈ।

ਗਿਆਨ ਦੇ ਪਰਸਪਰ ਵਟਾਂਦਰੇ ਦੀ ਲੋੜ ਉਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਇਹ ਇਕ ਪ੍ਰੇਰਕ ਵਜੋਂ ਕੰਮ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਸੂਬੇ ਦੇ ਵਿਦਿਆਰਥੀਆਂ ਤੇ ਹੋਰ ਮੁਲਕਾਂ ਦੇ ਵਿਦਿਆਰਥੀਆਂ ਵਿਚਾਲੇ ਗਿਆਨ ਦੇ ਪਰਸਪਰ ਵਟਾਂਦਰੇ ਨੂੰ ਵਧਾਉਣ ਉਤੇ ਧਿਆਨ ਦੇ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਵਿਦਿਆਰਥੀ ਵਿਸ਼ਵ ਦੀ ਸਮਾਜਿਕ-ਆਰਥਿਕ ਤਰੱਕੀ ਦੇ ਭਾਈਵਾਲ ਬਣਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਿਖਲਾਈ ਲਈ ਪ੍ਰਿੰਸੀਪਲ ਅਕੈਡਮੀ, ਸਿੰਗਾਪੁਰ ਵਿਖੇ 66 ਪ੍ਰਿੰਸੀਪਲਾਂ/ਅਧਿਆਪਕਾਂ ਦੇ ਬੈਚ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਵਾਪਸੀ 'ਤੇ ਇਹ ਅਧਿਆਪਕ ਸਿਖਲਾਈ ਸਬੰਧੀ ਤਜਰਬੇ ਨੂੰ ਵਿਦਿਆਰਥੀਆਂ ਅਤੇ ਆਪਣੇ ਸਾਥੀ ਅਧਿਆਪਕਾਂ ਨਾਲ ਸਾਂਝਾ ਕਰਨਗੇ ਤਾਂ ਜੋ ਵਿਦਿਆਰਥੀ ਵਿਦੇਸ਼ੀ ਵਿੱਚ ਪੜ੍ਹਾਈ ਦੇ ਪੈਟਰਨ ਤੋਂ ਜਾਣੂ ਹੋ ਕੇ ਵਿਦੇਸ਼ਾਂ ਵਿੱਚ ਪੜ੍ਹੇ-ਲਿਖੇ ਆਪਣੇ ਸਾਥੀਆਂ ਦਾ ਮੁਕਾਬਲਾ ਕਰਨ ਦੇ ਯੋਗ ਹੋ ਸਕਣ।

ਭਗਵੰਤ ਮਾਨ ਨੇ ਕਿਹਾ ਕਿ ਇਹ ਇਕ ਕ੍ਰਾਂਤੀਕਾਰੀ ਕਦਮ ਹੈ, ਜੋ ਰਾਜ ਦੀ ਸਿੱਖਿਆ ਪ੍ਰਣਾਲੀ ਵਿੱਚ ਲੋੜੀਂਦੀ ਗੁਣਾਤਮਕ ਤਬਦੀਲੀ ਲਿਆ ਕੇ ਵਿਦਿਆਰਥੀਆਂ ਦੀ ਭਲਾਈ ਲਈ ਸੂਬੇ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਏਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਦੀ ਸਿਖਲਾਈ ਲਈ ਚੋਣ ਦਾ ਇੱਕੋ-ਇੱਕ ਮਾਪਦੰਡ ਯੋਗਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸਿੱਖਿਆ ਸੁਧਾਰਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਯਤਨਾਂ ਦਾ ਉਦੇਸ਼ ਨੌਜਵਾਨਾਂ ਨੂੰ ਰਾਜ ਦੇ ਸਮਾਜਿਕ-ਆਰਥਿਕ ਵਿਕਾਸ ਦਾ ਸਰਗਰਮ ਭਾਈਵਾਲ ਬਣਾ ਕੇ ਹੁਨਰ ਦੀ ਹਿਜਰਤ ਦੇ ਰੁਝਾਨ ਨੂੰ ਮੋੜਾ ਪਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਅਹਿਮ ਪਹਿਲਕਦਮੀ ਪੰਜਾਬ ਵਿੱਚ ਸਿੱਖਿਆ ਪ੍ਰਣਾਲੀ ਦੇ ਸੁਧਾਰ ਲਈ ਮੀਲ ਪੱਥਰ ਸਾਬਤ ਹੋਵੇਗੀ।

ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਇੱਕ ਹੋਰ ਮਹੱਤਵਪੂਰਨ ਪਹਿਲਕਦਮੀ ਕਰਦਿਆਂ ਪੰਜਾਬ ਸਿੱਖਿਆ ਤੇ ਸਿਹਤ ਫੰਡ ਕਾਇਮ ਕੀਤਾ ਹੈ, ਜੋ ਪਰਵਾਸੀ ਭਾਰਤੀ ਭਾਈਚਾਰੇ ਦੇ ਸਹਿਯੋਗ ਨਾਲ ਸਿੱਖਿਆ ਅਤੇ ਸਿਹਤ ਖੇਤਰਾਂ ਵਿੱਚ ਵੱਡੇ ਸੁਧਾਰਾਂ ਲਈ ਅਹਿਮ ਸਾਬਤ ਹੋਵ-ੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸੰਮੇਲਨ ਵਿਸ਼ਵ ਭਰ ਦੇ ਲੋਕਾਂ ਨਾਲ ਸਬੰਧਤ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਉਜਾਗਰ ਕਰਕੇ ਸਰਕਾਰਾਂ ਨੂੰ ਜਾਗਰੂਕ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਏਗਾ। ਉਨ੍ਹਾਂ ਇਹ ਵੀ ਕਿਹਾ ਕਿ ਮਹਾਨ ਗੁਰੂਆਂ, ਸੰਤਾਂ ਅਤੇ ਪੀਰਾਂ ਦੀ ਇਸ ਧਰਤੀ 'ਤੇ ਇਸ ਮੈਗਾ ਸਮਾਗਮ ਦੇ ਪ੍ਰਬੰਧ ਲਈ ਭਾਰਤ ਸਰਕਾਰ ਸੱਚਮੁੱਚ ਵਧਾਈ ਦੀ ਪਾਤਰ ਹੈ। ਭਗਵੰਤ ਮਾਨ ਨੇ ਕਿਹਾ ਕਿ ਆਪੋ-ਆਪਣੇ ਦੇਸ਼ਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਉੱਘੀਆਂ ਸ਼ਖ਼ਸੀਅਤਾਂ ਦਾ ਸਵਾਗਤ ਕਰਨ ਲਈ ਇੱਥੇ ਆਉਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।

ਮੁੱਖ ਮੰਤਰੀ ਨੇ ਸਿੱਖਿਆ ਅਤੇ ਕਿਰਤ ਵਿਸ਼ੇ 'ਤੇ ਦੋ ਸੈਸ਼ਨ ਕਰਵਾਉਣ ਲਈ ਇਸ ਪਵਿੱਤਰ ਨਗਰੀ ਦੀ ਚੋਣ ਕਰਨ ਵਾਸਤੇ ਭਾਰਤ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਪਵਿੱਤਰ ਸ਼ਹਿਰ ਹੈ, ਜਿਸ ਦੀ ਪੁਰਾਣੇ ਸਮਿਆਂ ਤੋਂ ਹੀ ਸਭ ਲਈ ਵਿਸ਼ੇਸ਼ ਥਾਂ ਰਹੀ ਹੈ, ਜਿੱਥੇ ਦੁਨੀਆ ਭਰ ਦੇ ਸ਼ਰਧਾਲੂ ਸ਼ਾਂਤੀ ਅਤੇ ਸਕੂਨ ਦੀ ਪ੍ਰਾਪਤੀ ਲਈ ਨਤਮਸਤਕ ਹੋਣ ਲਈ ਆਉਂਦੇ ਹਨ। ਭਗਵੰਤ ਮਾਨ ਨੇ ਯਾਦ ਕੀਤਾ ਕਿ ਵੰਡ ਤੋਂ ਪਹਿਲਾਂ ਦੇ ਦਿਨਾਂ ਵਿੱਚ ਇਹ ਪਵਿੱਤਰ ਸ਼ਹਿਰ ਦੇਸ਼ ਵਿੱਚ ਵਪਾਰ ਅਤੇ ਵਪਾਰਕ ਗਤੀਵਿਧੀਆਂ ਦਾ ਪ੍ਰਮੁੱਖ ਕੇਂਦਰ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਅੰਮ੍ਰਿਤਸਰ ਨੂੰ ਮੁੜ ਵਪਾਰਕ ਕੇਂਦਰ ਵਜੋਂ ਵਿਕਸਤ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ ਅਤੇ ਕਈ ਨਾਮਵਰ ਕੌਮੀ ਅਤੇ ਕੌਮਾਂਤਰੀ ਕੰਪਨੀਆਂ ਨੇ ਇਸ ਪਵਿੱਤਰ ਸ਼ਹਿਰ ਵਿੱਚ ਆਪਣੇ ਉੱਦਮ ਸਥਾਪਤ ਕਰਨ ਲਈ ਡੂੰਘੀ ਦਿਲਚਸਪੀ ਦਿਖਾਈ ਹੈ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਪੰਜਾਬ ਪੁਰਾਣੇ ਸਮੇਂ ਤੋਂ ਸੱਭਿਅਤਾ ਅਤੇ ਸੱਭਿਆਚਾਰ ਦਾ ਪੰਘੂੜਾ ਰਿਹਾ ਹੈ ਅਤੇ ਪੰਜ ਦਰਿਆਵਾਂ ਦੀ ਇਸ ਪਵਿੱਤਰ ਧਰਤੀ 'ਤੇ ਮਿਹਨਤੀ ਅਤੇ ਬਹਾਦਰ ਪੰਜਾਬੀਆਂ ਨੇ ਇਤਿਹਾਸ ਦੇ ਕਈ ਪੰਨਿਆਂ ਨੂੰ ਨੇੜਿਓਂ ਦੇਖਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 1960 ਦੇ ਦਹਾਕੇ ਦੇ ਅੱਧ ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ, ਜਿਸ ਤੋਂ ਬਾਅਦ ਹੌਜ਼ਰੀ, ਹੈਂਡ ਟੂਲਜ਼, ਖੇਡਾਂ, ਆਟੋ-ਪਾਰਟਸ, ਖੇਤੀਬਾੜੀ ਸੰਦਾਂ, ਰਬੜ ਅਤੇ ਹੋਰ ਸਨਅਤਾਂ ਦੇ ਰੂਪ ਵਿੱਚ ਤੇਜ਼ੀ ਨਾਲ ਉਦਯੋਗੀਕਰਨ ਹੋਇਆ। ਭਗਵੰਤ ਮਾਨ ਨੇ ਇਹ ਵੀ ਕਿਹਾ ਕਿ ਦੇਸ਼ ਦਾ ਅੰਨਦਾਤਾ ਹੋਣ ਦੇ ਨਾਲ-ਨਾਲ ਪੰਜਾਬ ਨੂੰ ਦੇਸ਼ ਦੀ ਖੜਗ ਭੁਜਾ ਹੋਣ ਦਾ ਮਾਣ ਵੀ ਹਾਸਲ ਹੈ ਅਤੇ ਇੱਥੋਂ ਦੇ ਲੋਕ ਆਪਣੀ ਹਿੰਮਤ ਅਤੇ ਉੱਦਮ ਦੀ ਭਾਵਨਾ ਲਈ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ। ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਸੰਮੇਲਨ ਦੌਰਾਨ ਡੈਲੀਗੇਟ ਸੂਬੇ ਦੀ ਨਿੱਘੀ ਮਹਿਮਾਨਨਿਵਾਜ਼ੀ ਦਾ ਆਨੰਦ ਮਾਣਨਗੇ। ਉਨ੍ਹਾਂ ਕਿਹਾ ਕਿ ਇੱਥੇ ਆਉਣ ਵਾਲੇ ਡੈਲੀਗੇਟ ਪੰਜਾਬ ਫੇਰੀ ਦੀਆਂ ਨਿੱਘੀਆਂ ਯਾਦਾਂ ਆਪਣੇ ਨਾਲ ਲੈ ਕੇ ਜਾਣਗੇ। ਭਗਵੰਤ ਮਾਨ ਸੰਮੇਲਨ ਦੀ ਸਫ਼ਲਤਾ ਦੀ ਕਾਮਨਾ ਵੀ ਕੀਤੀ।




## ਸ਼੍ਰੋਮਣੀ ਅਕਾਲੀ ਦਲ-ਬਸਪਾ ਵਲੋਂ ਭਲਕੇ ਸਰਕਾਰ ਖ਼ਿਲਾਫ਼ ਦਿੱਤੇ ਜਾਣਗੇ ਧਰਨੇ



ਚੰਡੀਗੜ੍ਹ, 15 ਮਾਰਚ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ 17 ਤੋਂ 24 ਮਾਰਚ ਤੱਕ ਪੰਜਾਬ ਬਚਾਓ ਪ੍ਰੋਗਰਾਮ ਤਹਿਤ ਧਰਨੇ ਲਗਾ ਕੇ ਆਮ ਆਦਮੀ ਪਾਰਟੀ ਸਰਕਾਰ ਵਲੋਂ ਪੰਜਾਬੀਆਂ ਨਾਲ ਕੀਤੇ ਸਾਰੇ ਵਾਅਦਿਆਂ ਤੋਂ ਮੁਕਰ ਜਾਣ ਵਿਰੁੱਧ ਰੋਸ ਪ੍ਰਗਟ ਕਰਨ ਲਈ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਹੋਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਹਲਕਾ ਫਤਿਹਗੜ੍ਹ ਸਾਹਿਬ ਤੋਂ ਇੰਚਾਰਜ ਜਗਦੀਪ ਸਿੰਘ ਚੀਮਾ ਤੇ ਐਸਜੀਪੀਸੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਈਆ ਨੇ ਕਿਹਾ ਕਿ ਇਹ ਧਰਨੇ ਸਾਰੇ ਸੂਬੇ ਵਿਚ ਹਲਕੇਵਾਰ ਦਿੱਤੇ ਜਾਣਗੇ, ਜਿਸ ਤਹਿਤ 'ਆਪ' ਸਰਕਾਰ ਦੀਆਂ ਨਕਾਮੀਆ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਫਤਹਿਗੜ੍ਹ ਸਾਹਿਬ ਤੇ ਖਮਾਣੋਂ ਵਿਖੇ 17 ਮਾਰਚ ਵਿਸ਼ਾਲ ਧਰਨਾ ਦੇ ਕੇ ਸਰਕਾਰ ਖ਼ਿਲਾਫ਼ ਰੋਸ਼ ਪ੍ਰਦਰਸਨ ਕਰਦੇ ਹੋਏ ਪੰਜਾਬ ਦੇ ਰਾਜਪਾਲ ਦੇ ਨਾਂ ਮੰਗ ਪੱਤਰ ਦਿੱਤਾ ਜਾਵੇਗਾ।



# ਭਾਰਤ ਵਿੱਚ ਅਮਰੀਕਾ ਦੇ ਅਗਲੇ ਰਾਜਦੂਤ ਹੋਣਗੇ ਐਰਿਕ ਗਾਰਸੇਟੀ



ਵਾਸ਼ਿੰਗਟਨ, 15 ਮਾਰਚ (ਪੋਸਟ ਬਿਊਰੋ): ਅਮਰੀਕੀ ਸੰਸਦ ਦੀ ਵਿਦੇਸ਼ ਮਾਮਲਿਆਂ ਦੀ ਕਮੇਟੀ ਨੇ ਭਾਰਤ 'ਚ ਰਾਜਦੂਤ ਲਈ ਲਾਸ ਏਂਜਲਸ ਦੇ ਸਾਬਕਾ ਮੇਅਰ ਐਰਿਕ ਗਾਰਸੇਟੀ ਦੇ ਨਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰਾਸ਼ਟਰਪਤੀ ਜੋ ਬਾਈਡਨ ਨੇ ਐਰਿਕ ਗਾਰਸੇਟੀ ਦੇ ਨਾਂ ਦਾ ਪ੍ਰਸਤਾਵ ਕਮੇਟੀ ਨੂੰ ਭੇਜਿਆ ਸੀ। ਭਾਰਤ ਵਿੱਚ ਅਮਰੀਕੀ ਰਾਜਦੂਤ ਲਈ ਕੁੱਲ 52 ਵੋਟਾਂ ਪਈਆਂ, ਜਿਨ੍ਹਾਂ ਵਿੱਚੋਂ ਐਰਿਕ ਗਾਰਸੇਟੀ ਦੇ ਹੱਕ ਵਿੱਚ 42 ਵੋਟਾਂ ਪਈਆਂ। ਸਾਰੇ ਡੈਮੋਕਰੇਟਸ ਦੇ ਨਾਲ-ਨਾਲ ਰਿਪਬਲਿਕਨ ਸੈਨੇਟਰ ਟੌਡ ਯੰਗ ਅਤੇ ਬਿਲ ਹਰਟੀ ਨੇ ਵੀ ਐਰਿਕ ਗਾਰਸੇਟੀ ਦੇ ਹੱਕ ਵਿੱਚ ਵੋਟ ਦਿੱਤੀ। ਐਰਿਕ ਗਾਰਸੇਟੀ ਰਾਸ਼ਟਰਪਤੀ ਜੋਅ ਬਾਈਡਨ ਦੀ ਚੋਣ ਮੁਹਿੰਮ ਦੇ ਸਹਿ-ਚੇਅਰਮੈਨ ਸਨ। ਉਸ ਨੂੰ ਜੋ ਬਾਈਡਨ ਦਾ ਬਹੁਤ ਕਰੀਬੀ ਮੰਨਿਆ ਜਾਂਦਾ ਹੈ। ਮੰਨਿਆ ਜਾ ਰਿਹਾ ਸੀ ਕਿ ਐਰਿਕ ਨੂੰ ਬਾਈਡਨ ਦੀ ਕੈਬਨਿਟ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਜਿਸ ਤਰ੍ਹਾਂ ਜੈਕਬਜ਼ ਵਿਵਾਦ ਸਾਹਮਣੇ ਆਇਆ, ਉਹ ਦੌੜ ਤੋਂ ਬਾਹਰ ਹੋ ਗਿਆ। ਐਰਿਕ 'ਤੇ ਰਿਕ ਜੈਕਬਸ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਸੀ। ਜਨਵਰੀ 2021 ਤੋਂ ਭਾਰਤ ਵਿੱਚ ਕੋਈ ਵੀ ਅਮਰੀਕੀ ਰਾਜਦੂਤ ਨਹੀਂ ਸੀ, ਲਗਭਗ ਦੋ ਸਾਲਾਂ ਬਾਅਦ ਅਮਰੀਕਾ ਨੇ ਭਾਰਤ ਵਿੱਚ ਆਪਣਾ ਸਥਾਈ ਰਾਜਦੂਤ ਨਿਯੁਕਤ ਕੀਤਾ ਹੈ। ਐਰਿਕ ਗਾਰਸੇਟੀ ਇੱਕ ਸ਼ਾਨਦਾਰ ਫੋਟੋਗ੍ਰਾਫਰ, ਕੰਪੋਜ਼ਰ ਅਤੇ ਪਿਆਨੋਵਾਦਕ ਵੀ ਹੈ। ਗਾਰਸੇਟੀ ਨੇ ਅਮਰੀਕੀ ਜਲ ਸੈਨਾ ਵਿੱਚ ਵੀ ਸੇਵਾ ਨਿਭਾਈ ਹੈ। 2013 ਵਿੱਚ ਪਹਿਲੀ ਵਾਰ ਉਨ੍ਹਾਂ ਨੇ ਮੇਅਰ ਦੀ ਚੋਣ ਲੜੀ ਅਤੇ ਜਿੱਤ ਹਾਸਲ ਕੀਤੀ। 2017 ਵਿੱਚ ਉਨ੍ਹਾਂ ਨੇ ਦੁਬਾਰਾ ਚੋਣ ਲੜੀ ਅਤੇ ਜਿੱਤ ਪ੍ਰਾਪਤ ਕੀਤੀ।

# ਮੁੰਬਈ ਵੱਲ ਮਾਰਚ ਕਰਦੇ ਦਿਸੇ ਹਜ਼ਾਰਾਂ ਕਿਸਾਨ, ਮਹਾਰਾਸ਼ਟਰ ਸਰਕਾਰ ਡੈਮੇਜ ਕੰਟਰੋਲ ਵਿੱਚ ਲੱਗੀ



ਮੁੰਬਈ, 15 ਮਾਰਚ (ਪੋਸਟ ਬਿਊਰੋ): ਮਹਾਰਾਸ਼ਟਰ ਦੇ ਹਜ਼ਾਰਾਂ ਕਿਸਾਨ ਆਪਣੀਆਂ ਮੰਗਾਂ ਦੀ ਸੂਚੀ ਲੈ ਕੇ ਮੁੰਬਈ ਵੱਲ ਮਾਰਚ ਕਰ ਰਹੇ ਹਨ। ਬੁੱਧਵਾਰ ਨੂੰ, ਡਰੋਨ ਕੈਮਰਿਆਂ ਨੇ ਵਿਸ਼ਾਲ ਮਾਰਚ ਦੇ ਕੁਝ ਵਿਜ਼ੂਅਲ ਕੈਪਚਰ ਕੀਤੇ ਕਿਉਂਕਿ ਇਹ ਵੱਖ-ਵੱਖ ਖੇਤਰਾਂ ਵਿੱਚੋਂ ਲੰਘਦਾ ਰਿਹਾ ਸੀ। ਨਾਸਿਕ ਜ਼ਿਲ੍ਹੇ ਦੇ ਡਿੰਡੋਰੀ ਤੋਂ ਸ਼ੁਰੂ ਹੋਏ ਇਹ ਮਾਰਚ ਸੀਪੀਐਮ ਵਲੋਂ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਮਾਰਚ ਮੁੰਬਈ ਪਹੁੰਚਣ ਲਈ 200 ਕਿਲੋਮੀਟਰ ਦੀ ਦੂਰੀ ਤੈਅ ਕਰੇਗਾ। ਪ੍ਰਬੰਧਕਾਂ ਨੇ ਕਿਹਾ ਕਿ ਕਿਸਾਨਾਂ ਤੋਂ ਇਲਾਵਾ ਅਸੰਗਠਿਤ ਖੇਤਰ ਦੇ ਬਹੁਤ ਸਾਰੇ ਵਰਕਰ, ਜਿਵੇਂ ਕਿ ਆਸ਼ਾ ਵਰਕਰ ਅਤੇ ਆਦਿਵਾਸੀ ਭਾਈਚਾਰਿਆਂ ਦੇ ਮੈਂਬਰ ਮਾਰਚ ਵਿੱਚ ਸ਼ਾਮਲ ਹਨ। ਮਹਾਰਾਸ਼ਟਰ ਦੇ ਹਜ਼ਾਰਾਂ ਕਿਸਾਨ ਪਿਆਜ਼ ਦੀ ਵਾਜਬ ਕੀਮਤ ਦੀ ਮੰਗ ਸਮੇਤ ਕਈ ਹੋਰ ਮੰਗਾਂ ਨੂੰ ਲੈ ਕੇ ਮੁੰਬਈ ਵੱਲ ਮਾਰਚ ਕਰ ਰਹੇ ਹਨ। ਸਰਕਾਰ ਅਤੇ ਕਿਸਾਨ ਵਫ਼ਦ ਵਿਚਾਲੇ ਬੁੱਧਵਾਰ ਨੂੰ ਹੋਣ ਵਾਲੀ ਮੀਟਿੰਗ ਰੱਦ ਕਰ ਦਿੱਤੀ ਗਈ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਦੇ ਨੁਮਾਇੰਦਿਆਂ ਨੂੰ ਪੈਦਲ ਹੀ ਮਿਲ ਕੇ ਕਿਸਾਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

ਕਿਸਾਨ ਲਾਂਗ ਮਾਰਚ ਦੇ ਤੀਜੇ ਦਿਨ ਹਜ਼ਾਰਾਂ ਕਿਸਾਨਾਂ ਨੇ ਕਸਾਰਾ ਘਾਟ ਪਾਰ ਕਰਕੇ ਮੁੰਬਈ ਵੱਲ ਆਪਣਾ ਮਾਰਚ ਜਾਰੀ ਰੱਖਿਆ। ਕਿਸਾਨ ਆਗੂਆਂ ਨੇ ਬੁੱਧਵਾਰ ਨੂੰ ਕਿਸਾਨ ਵਫ਼ਦ ਅਤੇ ਸਰਕਾਰ ਦਰਮਿਆਨ ਹੋਈ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਉਸ ਦਾ ਕਹਿਣਾ ਹੈ ਕਿ ਸਰਕਾਰ ਦੇ ਆਗੂਆਂ ਨੂੰ ਆ ਕੇ ਕਿਸਾਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

ਸਾਬਕਾ ਵਿਧਾਇਕ ਜੀਵਾ ਪਾਂਡੂ ਗਾਵਿਤ ਨੇ ਦੱਸਿਆ ਕਿ ਸਾਨੂੰ 15 ਤਰੀਕ ਨੂੰ ਦੁਪਹਿਰ 3 ਵਜੇ ਸਰਕਾਰ ਦੇ ਸਾਹ-ਮਣੇ ਹਾਜ਼ਰ ਹੋਣ ਲਈ ਕਿਹਾ ਗਿਆ ਸੀ। ਸਾਡੇ 'ਤੇ ਦੋਸ਼ ਨਹੀਂ ਹੈ ਕਿ ਜਦੋਂ ਉਹ ਕਹਿਣਗੇ ਅਸੀਂ ਜਾਵਾਂਗੇ ਅਤੇ ਜਦੋਂ ਉਹ ਕਹਿਣਗੇ ਅਸੀਂ ਨਹੀਂ ਜਾਵਾਂਗੇ। ਪੂਰੇ ਮਹਾਰਾਸ਼ਟਰ ਦੀ ਨਜ਼ਰ ਇਸ ਲਾਂਗ ਮਾਰਚ 'ਤੇ ਹੈ।

ਕਿਸਾਨਾਂ ਦੀਆਂ ਅਜਿਹੀਆਂ ਕੁੱਲ 17 ਮੰਗਾਂ ਹਨ, ਜਿਨ੍ਹਾਂ ਨੂੰ ਲੈ ਕੇ ਉਹ ਮੁੰਬਈ ਤੱਕ ਲਾਂਗ ਮਾਰਚ ਕੱਢ ਰਹੇ ਹਨ। ਇਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ ਮੰਗਾਂ ਵਿੱਚ ਪਿਆਜ਼, ਕਪਾਹ, ਸੋਇਆਬੀਨ, ਅਰਹਰ, ਮੂੰਗ, ਦੁੱਧ ਅਤੇ ਹਿਰਦੇ ਦਾ ਲਾਹੇਵੰਦ ਭਾਅ ਦੇਣਾ, ਪਿਆਜ਼ ਦੀ 2000 ਰੁਪਏ ਪ੍ਰਤੀ ਕੁਇੰਟਲ ਕੀਮਤ ਅਤੇ ਨਿਰਯਾਤ ਨੀਤੀਆਂ ਵਿੱਚ ਬਦਲਾਅ ਦੇ ਨਾਲ-ਨਾਲ 600 ਰੁਪਏ ਦੀ ਤੁਰੰਤ ਸਬਸਿਡੀ ਦੇਣ ਦੀ ਮੰਗ ਸ਼ਾਮਲ ਹੈ।

# ਦਿੱਲੀ ਏਮਜ਼ ਦੇ ਡਾਕਟਰਾਂ ਦਾ ਕਮਾਲ: ਗਰਭ ਅੰਦਰ ਪਲ ਰਹੇ ਬੱਚੇ ਦੀ 90 ਸਕਿੰਟਾਂ 'ਚ ਕਰ ਦਿੱਤੀ ਹਾਰਟ ਸਰਜਰੀ

ਨਵੀਂ ਦਿੱਲੀ, 15 ਮਾਰਚ (ਪੋਸਟ ਬਿਊਰੋ): ਏਮਜ਼ ਦਿੱਲੀ ਨੇ ਮਾਂ ਦੇ ਗਰਭ ਵਿੱਚ ਇੱਕ ਅੰਗੂਰ ਦੇ ਆਕਾਰ ਦੇ ਬੱਚੇ ਦੇ ਦਿਲ ਦਾ ਸਫਲਤਾਪੂਰਵਕ ਬਲੂਨ ਡਾਈਲੇਸ਼ਨ ਕੀਤਾ ਹੈ। ਇੱਕ 28 ਸਾਲਾ ਗਰਭਵਤੀ ਔਰਤ ਨੂੰ ਤਿੰਨ ਪਿਛਲੀਆਂ ਗਰਭ ਅਵਸਥਾਵਾਂ ਦੇ ਨੁਕਸਾਨ ਦੇ ਨਾਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਜਦੋਂ ਡਾਕਟਰਾਂ ਨੇ ਬੱਚੇ ਦੇ ਦਿਲ ਦੀ ਸਥਿਤੀ ਬਾਰੇ ਮਾਤਾ-ਪਿਤਾ ਨੂੰ ਜਾਣਕਾਰੀ ਦਿੱਤੀ, ਤਾਂ ਉਨ੍ਹਾਂ ਨੇ ਡਾਇਲੇਸ਼ਨ ਲਈ ਸਹਿਮਤੀ ਦਿੱਤੀ ਅਤੇ ਮੌਜੂਦਾ ਗਰਭ ਅਵਸਥਾ ਨੂੰ ਜਾਰੀ ਰੱਖਣ ਦੀ ਇੱਛਾ ਜ਼ਾਹਰ ਕੀਤੀ। ਇਸ ਤੋਂ ਬਾਅਦ ਏਮਜ਼ ਦੇ ਕਾਰਡੀਓਥੋਰੇਸਿਕ ਸਾਇੰਸਜ਼ ਸੈਂਟਰ ਵਿੱਚ ਡਾਇਲੇਸ਼ਨ ਦੀ ਪ੍ਰਕਿਰਿਆ ਕੀਤੀ ਗਈ। ਇੰਟਰਵੈਂਸ਼ਨ ਕਾਰਡੀਓਲੋਜਿਸਟਸ ਅਤੇ ਭਰੂਣ ਦਵਾਈ ਮਾਹਿਰਾਂ ਦੀ ਇੱਕ ਟੀਮ ਨੇ ਸਫਲ ਬਲੂਨ ਡਾਈਲੇਸ਼ਨ ਦੀ ਪ੍ਰਕਿਰਿਆ ਕੀਤੀ।

ਏਮਜ਼ ਦੇ ਪ੍ਰਸੂਤੀ ਅਤੇ ਗਾਇਨੀਕੋਲੋਜੀ (ਭਰੂਣ ਚਿਕਿਤਸਾ) ਵਿਭਾਗ ਦੇ ਨਾਲ ਕਾਰਡੀਓਲੋਜੀ ਅਤੇ ਕਾਰਡੀਅਕ ਅਨੱਸਥੀਸੀਆ ਵਿਭਾਗ ਦੇ ਡਾਕਟਰਾਂ ਦੀ ਟੀਮ ਦੇ ਅਨੁਸਾਰ, "ਪ੍ਰਕਿਰਿਆ ਤੋਂ ਬਾਅਦ ਭਰੂਣ ਅਤੇ ਮਾਂ ਦੋਵੇਂ ਠੀਕ ਹਨ। ਡਾਕਟਰਾਂ ਦੀ ਟੀਮ ਭਰੂਣ ਦੀ ਨਿਗਰਾਨੀ ਕਰ ਰਹੀ ਹੈ।

ਡਾਕਟਰ ਨੇ ਕਿਹਾ ਕਿ ਅਜਿਹੀ ਪ੍ਰਕਿਰਿਆ ਭਰੂਣ ਦੀ ਜਾਨ ਨੂੰ ਖਤਰੇ ਵਿੱਚ ਪਾ ਸਕਦੀ ਹੈ ਅਤੇ ਇਸ ਨੂੰ ਪੂਰੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ। ਏਮਜ਼ ਦੇ ਕਾਰਡੀਓਥੋਰੇਸਿਕ ਵਿਗਿਆਨ ਕੇਂਦਰ ਦੇ ਸੀਨੀਅਰ ਟੀਮ ਡਾਕਟਰ ਨੇ ਕਿਹਾ ਕਿ ਆਮ ਤੌਰ 'ਤੇ ਅਸੀਂ ਐਂਜੀਓਗ੍ਰਾਫੀ ਦੇ ਤਹਿਤ ਸਾਰੀਆਂ ਪ੍ਰਕਿਰਿਆਵਾਂ ਕਰਦੇ ਹਾਂ, ਪਰ ਇਸ ਸਥਿਤੀ ਵਿੱਚ ਅਜਿਹਾ ਨਹੀਂ ਕੀਤਾ ਜਾ ਸਕਦਾ। ਸਭ ਕੁਝ ਅਲਟਰਾਸਾਊਂਡ ਮਾਰਗਦਰਸ਼ਨ ਅਧੀਨ ਕੀਤਾ ਜਾਂਦਾ ਹੈ ਅਤੇ ਇਸਨੂੰ ਬਹੁਤ ਜਲਦੀ ਕਰਨਾ ਪੈਂਦਾ ਹੈ ਕਿਉਂਕਿ ਤੁਸੀਂ ਮੁੱਖ ਦਿਲ ਦੇ ਚੈਂਬਰ ਨੂੰ ਪੰਕਚਰ ਕਰਨ ਜਾ ਰਹੇ ਹੋ। ਇਸ ਲਈ ਜੇਕਰ ਕੁਝ ਗਲਤ ਹੋ ਜਾਂਦਾ ਹੈ, ਤਾਂ ਬੱਚਾ ਮਰ ਜਾਵੇਗਾ। ਇਹ ਬਹੁਤ ਤੇਜ਼ ਹੋਣਾ ਚਾਹੀਦਾ ਹੈ। ਅਸੀਂ ਇਹ ਸਿਰਫ 90 ਸਕਿੰਟਾਂ ਵਿੱਚ ਕਰ ਲਿਆ।"

# ਗੈਂਗਸਟਰ ਨੂੰ 33 ਕਤਲਾਂ ਦੇ ਦੋਸ਼ ਵਿਚ ਮਿਲੀ 1310 ਸਾਲ ਦੀ ਕੈਦ ਦੀ ਖਤਰਨਾਕ ਸਜ਼ਾ



ਅਲ ਸਲਵਾਡੋਰ, 15 ਮਾਰਚ (ਪੋਸਟ ਬਿਊਰੋ): ਲਾਤੀਨੀ ਅਮਰੀਕੀ ਦੇਸ਼ ਅਲ ਸਲਵਾਡੋਰ ਵਿੱਚ 33 ਕਤਲਾਂ, 9 ਕਤਲਾਂ ਦੀ ਸਾਜ਼ਿਸ਼ ਅਤੇ ਕਈ ਹੋਰ ਅਪਰਾਧਿਕ ਗਤੀਵਿਧੀਆਂ ਦੇ ਦੋਸ਼ੀ ਇਕ ਗੈਂਗਸਟਰ ਨੂੰ 1310 ਸਾਲ ਦੀ ਸਜ਼ਾ ਸੁਣਾਈ ਗਈ ਹੈ। ਵਿਲਮਰ ਸੇਗੋਵੀਆ ਨਾਂ ਦਾ ਇਹ ਗੈਂਗਸਟਰ ਐਮਐਸ-13 ਗੈਂਗ ਦਾ ਮੈਂਬਰ ਰਿਹਾ ਹੈ।

ਵਿਲਮਰ ਤੋਂ ਇਲਾਵਾ ਇੱਕ ਹੋਰ ਗੈਂਗਸਟਰ ਮਿਗੁਏਲ ਏਂਜਲ ਪੋਰਟਿਲੋ ਨੂੰ ਵੀ 22 ਕਤਲਾਂ ਦੇ ਦੋਸ਼ ਵਿੱਚ 945 ਸਾਲ ਦੀ ਸਜ਼ਾ ਸੁਣਾਈ ਗਈ ਹੈ। ਮਿਗੁਏਲ ਦੇ ਖਿਲਾਫ ਕਤਲ ਦੀ ਕੋਸ਼ਿਸ਼, ਅੱਗਜ਼ਨੀ ਅਤੇ ਜਬਰੀ ਵਸੂਲੀ ਦੇ ਕਈ ਮਾਮਲੇ ਦਰਜ ਹਨ। ਇਨ੍ਹਾਂ ਸਜ਼ਾਵਾਂ ਨੂੰ ਅਲ ਸਲਵਾਡੋਰ ਵਿੱਚ ਹੁਣ ਤੱਕ ਦੀ ਸਭ ਤੋਂ ਸਖ਼ਤ ਸਜ਼ਾ ਦੱਸਿਆ ਜਾ ਰਿਹਾ ਹੈ।

ਅਲ ਸਲਵਾਡੋਰ ਵਿਚ ਇਹ ਸਖ਼ਤ ਸਜ਼ਾਵਾਂ ਦੇਸ਼ ਦੇ ਰਾਸ਼ਟਰਪਤੀ ਨਾਇਬ ਬੁਕੇਲੇ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹਨ, ਜਿਸ ਵਿਚ ਉਨ੍ਹਾਂ ਨੇ ਦੇਸ਼ ਵਿਚ ਵਧ-ਫੁੱਲ ਰਹੇ ਇਨ੍ਹਾਂ ਗਿਰੋਹਾਂ ਦੇ ਖਿਲਾਫ ਮੁਹਿੰਮ ਚਲਾਈ ਹੈ। ਦੇਸ਼ ਦੀਆਂ ਜੇਲ੍ਹਾਂ ਵਿੱਚ ਕਈ ਖ਼ਤਰਨਾਕ ਗੈਂਗਸਟਰ ਬੰਦ ਹਨ। ਕੁਝ ਦਿਨ ਪਹਿਲਾਂ ਸਰਕਾਰ ਨੇ ਹਜ਼ਾਰਾਂ ਗੈਂਗਸਟਰਾਂ ਨੂੰ ਵੀ ਮੈਗਾ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਸੀ। ਇਸ ਦੀ ਜਾਣਕਾਰੀ ਖੁਦ ਰਾਸ਼ਟਰਪਤੀ ਨੇ ਟਵੀਟ ਕਰਕੇ ਦਿੱਤੀ। ਦੱਸ ਦੇਈਏ ਕਿ ਇਸ ਮੈਗਾ ਜੇਲ 'ਚ ਕਰੀਬ 2000 ਗੈਂਗਸਟਰਾਂ ਨੂੰ ਸ਼ਿਫਟ ਕੀਤਾ ਗਿਆ ਸੀ। ਇਸ ਜੇਲ੍ਹ ਨੂੰ ਅਮਰੀਕਾ ਦੀ ਸਭ ਤੋਂ ਵੱਡੀ ਜੇਲ੍ਹ ਮੰਨਿਆ ਜਾਂਦਾ ਹੈ, ਜਿਸ ਵਿੱਚ 40,000 ਕੈਦੀਆਂ ਨੂੰ ਰੱਖਣ ਦੀ ਸਮਰੱਥਾ ਹੈ।

# ਇੱਟਾਂ ਦੇ ਭੱਠੇ 'ਤੇ ਸੁੱਤੇ ਹੋਏ ਸਨ ਲੋਕ, ਦਮ ਘੁੱਟਣ ਨਾਲ 5 ਦੀ ਮੌਤ



ਮਹਾਸਮੁੰਦ, 15 ਮਾਰਚ (ਪੋਸਟ ਬਿਊਰੋ): ਛੱਤੀਸਗੜ੍ਹ ਦੇ ਮਹਾਸਮੁੰਦ ਜ਼ਿਲੇ ਦੇ ਕੁੰਜ ਬਿਹਾਰੀ ਗੜ੍ਹਫੁਝਾਰ ਬਸਨਾ ਦੇ ਇੱਟਾਂ ਦੇ ਭੱਠੇ 'ਚ ਵੱਡਾ ਹਾਦਸਾ ਹੋ ਗਿਆ ਹੈ। ਇੱਥੇ ਇੱਟਾਂ ਦੇ ਭੱਠੇ 'ਤੇ ਸੁੱਤੇ ਪਏ ਪੰਜ ਮਜ਼ਦੂਰਾਂ ਦੀ ਧੂੰਏਂ 'ਚ ਦਮ ਘੁੱਟਣ ਕਾਰਨ ਮੌਤ ਹੋ ਗਈ ਹੈ ਜਦਕਿ ਇਕ ਮਜ਼ਦੂਰ ਜ਼ਖਮੀ ਹੋ ਗਿਆ, ਜਿਸ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਸਾਰੇ ਮਜ਼ਦੂਰਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਏਐਸਪੀ ਆਕਾਸ਼ ਰਾਓ ਗਿਰੀਪੁੰਜੇ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ।

ਜ਼ਖਮੀ ਮਜ਼ਦੂਰ ਦਾ ਇਲਾਜ ਬਸਨਾ ਦੇ ਸਰਕਾਰੀ ਹਸਪਤਾਲ ਵਿੱਚ ਚੱਲ ਰਿਹਾ ਹੈ। ਪੁਲੀਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਮਜ਼ਦੂਰਾਂ ਨੇ ਇੱਟਾਂ ਦਾ ਭੱਠਾ ਠੇਕੇ 'ਤੇ ਲਿਆ ਹੋਇਆ ਸੀ। ਇੱਟਾਂ ਨੂੰ ਪਕਾਉਣ ਲਈ ਅੱਗ ਲਾ ਕੇ ਮਜ਼ਦੂਰ ਇੱਟਾਂ ਦੇ ਉਪਰ ਹੀ ਸੌਂ ਗਏ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇੱਟਾਂ ਦਾ ਭੱਠਾ ਨਾਜਾਇਜ਼ ਤੌਰ 'ਤੇ ਚੱਲ ਰਿਹਾ ਸੀ। ਬਸਨਾ ਪੁਲਸ ਮੌਕੇ 'ਤੇ ਪਹੁੰਚ ਗਈ ਹੈ ਅਤੇ ਜਾਂਚ 'ਚ ਜੁਟੀ ਹੈ।

# ਮਹਾਰਾਸ਼ਟਰ ਐਚ3 ਐਨ2 ਵਾਇਰਸ ਕਾਰਨ ਦੋ ਲੋਕਾਂ ਦੀ ਮੌਤ ਦਾ ਖਦਸ਼ਾ, ਸਿਹਤ ਵਿਭਾਗ ਅਲਰਟ




ਮੁੰਬਈ, 15 ਮਾਰਚ (ਪੋਸਟ ਬਿਊਰੋ): ਮਹਾਰਾਸ਼ਟਰ 'ਚ ਸ਼ੱਕੀ ਫਲੂ ਕਾਰਨ 2 ਲੋਕਾਂ ਦੀ ਮੌਤ ਹੋਣ ਦੀ ਸੂਚਨਾ ਮਿਲੀ ਹੈ। ਇਨ੍ਹਾਂ ਵਿੱਚੋਂ ਇੱਕ 74 ਸਾਲਾ ਵਿਅਕਤੀ ਦੀ ਸਬ-ਟਾਈਪ ਐਚ3ਐਨ2 ਵਾਇਰਸ ਨਾਲ ਮੌਤ ਹੋਣ ਦਾ ਸ਼ੱਕ ਹੈ। ਦੂਜੇ ਬਾਰੇ ਦੱਸਿਆ ਜਾ ਰਿਹਾ ਹੈ ਕਿ ਉਹ ਕੋਵਿਡ-19 ਦੇ ਨਾਲ-ਨਾਲ ਇਨਫਲੂਐਂਜ਼ਾ ਵਾਇਰਸ ਨਾਲ ਵੀ ਸੰਕਰਮਿਤ ਸੀ। ਸੂਬੇ ਦੇ ਸਿਹਤ ਮੰਤਰੀ ਤਾਨਾਜੀ ਸਾਵੰਤ ਨੇ ਬੁੱਧਵਾਰ ਨੂੰ ਵਿਧਾਨ ਸਭਾ 'ਚ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਇਨਫਲੂਐਂਜ਼ਾ ਇਨਫੈਕਸ਼ਨ ਦੇ 361 ਮਾਮਲੇ ਸਾਹਮਣੇ ਆਉਣ ਨਾਲ ਸੂਬੇ ਦੇ ਸਿਹਤ ਅਮਲੇ ਨੂੰ ਚੌਕਸ ਕਰ ਦਿੱਤਾ ਗਿਆ ਹੈ। ਅਗਲੇ ਦੋ ਦਿਨਾਂ ਵਿੱਚ ਹੋਰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣਗੇ।

ਮੰਤਰੀ ਤਾਨਾਜੀ ਸਾਵੰਤ ਨੇ ਵੀ ਲੋਕਾਂ ਨੂੰ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਦੀ ਵਰਤੋਂ ਕਰਨ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਦੀ ਸਲਾਹ ਦਿੱਤੀ ਹੈ।


ਜੇਕਰ ਕੋਵਿਡ ਦਾ ਪ੍ਰਕੋਪ ਘੱਟ ਜਾਂਦਾ ਹੈ ਤਾਂ ਲੋਕਾਂ ਦੇ ਕਮਜ਼ੋਰ ਸਰੀਰ ਵਿੱਚ ਆਮ ਬਿਮਾਰੀਆਂ ਦੇ ਗੰਭੀਰ ਲੱਛਣ ਵੀ ਦਿਖਾਈ ਦਿੰਦੇ ਹਨ। ਫਲੂ ਵਾਇਰਸ 'ਇਨਫਲੂਐਂਜ਼ਾ' ਦਾ ਸਬ-ਟਾਈਪ ਐਚ3ਐਨ2 ਮੁੰਬਈ ਸਮੇਤ ਮਹਾਰਾਸ਼ਟਰ 'ਚ ਤੇਜ਼ੀ ਨਾਲ ਵਧਦਾ ਦਿਖਾਈ ਦੇ ਰਿਹਾ ਹੈ। ਰਾਜ ਵਿੱਚ ਦੋ ਸੰਭਾਵਿਤ ਮੌਤਾਂ ਹੋਈਆਂ ਹਨ। ਮੁੰਬਈ 'ਚ ਕਈ ਬੱਚੇ ਵੈਂਟੀਲੇਟਰ 'ਤੇ ਹਨ।

ਦੋ ਮਹੀਨਿਆਂ ਦਾ ਮਾਸੂਮ ਬੱਚਾ ਇਨਫਲੂਐਂਜ਼ਾ ਅਤੇ ਐਡੀਨੋਵਾਇਰਸ ਨਾਲ ਜੂਝ ਰਿਹਾ ਹੈ। ਬੀਮਾਰੀ ਦਿਮਾਗ ਤੱਕ ਪਹੁੰਚ ਗਈ ਹੈ ਅਤੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਕਿਸੇ ਤਰ੍ਹਾਂ ਉਸ ਦੇ ਪਿਤਾ ਨੇ ਹਿੰਮਤ ਕੀਤੀ। ਬੱਚੇ ਦੇ ਪਿਤਾ ਸੁਮਿਤ ਵਾਡੇਕਰ ਨੇ ਕਿਹਾ, "ਉਹ ਪਹਿਲਾ ਬੱਚਾ ਹੈ, ਬੱਸ ਪ੍ਰਾਰਥਨਾ ਕਰਦਾ ਹਾਂ ਕਿ ਉਹ ਬਚ ਜਾਵੇ।" ਹਿੰਮਤ ਤਾਂ ਕਿਸੇ ਨਾ ਕਿਸੇ ਤਰ੍ਹਾਂ ਦਿਖਾਉਣੀ ਹੀ ਪੈਂਦੀ ਹੈ।

ਮੁੰਬਈ ਦੇ ਪ੍ਰਸਿੱਧ ਬਾਲ ਰੋਗ ਮਾਹਿਰ ਡਾਕਟਰ ਇਰਫਾਨ ਅਲੀ ਲਗਭਗ 17 ਘੰਟੇ ਲੰਬੀ ਡਿਊਟੀ ਕਰ ਰਹੇ ਹਨ। ਉਹ ਅਜਿਹੇ ਬੱਚਿਆਂ ਦਾ ਬੀਐਮਸੀ ਤੋਂ ਲੈ ਕੇ ਤਿੰਨ ਵੱਡੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਫਲੂ ਵਰਗੀ ਮਾਮੂਲੀ ਬਿਮਾਰੀ ਵੀ ਕੋਵਿਡ ਨਾਲ ਨੁਕਸਾਨੇ ਗਏ ਫੇਫੜਿਆਂ 'ਤੇ ਪ੍ਰਭਾਵ ਪਾ ਰਹੀ ਹੈ।










URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA

MCNE, REAL ESTATE BROKER

416-371-7777

e-mail: j.aujla@rogers.com or visit: www.jagaujla.com

MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**



ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**



ਸੋਹਣਾ ਤੇ ਸਾਫ ਸੁਧਰਾ, ਮਾਡਰਨ ਲੇਆਓਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**



ਸ਼ਾਨਦਾਰ ਤੇ ਸਾਫ ਸੁਧਰਾ, ਮਾਡਰਨ ਲੇਆਓਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
REALTOR MLS
Ph:905-456-3232 **Based on units sold & commissions **Some conditions apply
*Seller & Jag Aujla Broker of RE/MAX Realty Specialist Inc. must agree on the terms & conditions, closing date and listing price at the time of listing. Guaranteed program only for peel region homes under $1 million price.

Call: JAG AUJLA Dir: 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

OURR HOME & APPLIANCES

HURRY UP
LIMITED TIME OFFER

DEALS LIKE NEVER BEFORE
OURR PRICES ARE THE BEST



BEST DEALS ON
LUXURY KITCHEN APPLIANCES
WE CARRY ALL MAJOR BRANDS

UNBOXED UNITS & NEW IN BOX UNITS AVAILABLE

100% CUSTOMER SATISFACTION

DELIVERY AVAILABLE *CONDITIONS APPLY

PRICE BEAT GUARANTEE *CONDITIONS APPLY

USE THE PROMO CODE TO GET DISCOUNT
PROMO CODE - (COURR-2302FLYER)

WE ARE AN AUTHORIZED DEALER FOR ALL MAJOR BRANDS!

KitchenAid moffat MAYTAG LG Electrolux JENNAIR GE AMANA BOSCH Whirlpool SAMSUNG FRIGIDAIRE CAPITAL

| | | | | | |
|---|---|---|---|---|---|
| UNIT #1, 241 CLARENCE ST BRAMPTON, ON L6W 3E7 (416) 551 3343 | 44 FASKEN DR. #2-9 ETOBICKOKE, ON M9W 5M8 (416) 792-0877 | UNIT #6 410 LEWIS RD, STONEY CREEK, ON L8E 5Y7 (905) 643 0818 | UNIT #4 -1540 FANSHAWE PARK ROAD WEST LONDON, ON N6H 5L8 (519) 641-1010 | 5781 HIGHWAY 7 UNIT 10, VAUGHAN, ON L4L 178 (416) 477 5556 | 1050 SPEERS ROAD, OAKVILLE, ON, L6L 2X4 (416) 613 0555 |

416-551-5553 WWW.OURRHOMEAPPLIANCES.COM




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017